**ਇੰਡੀਅਨ ਓਸ਼ਨ ਰਿਮ ਐਸੋਸੀਏਸ਼ਨ (IORA) ਮੰਤਰੀ ਪ੍ਰੀਸ਼ਦ (COM) ਦੀ 24ਵੀਂ ਮੀਟਿੰਗ (21 ਮਈ, 2025)**

21 ਮਈ, 2025

ਇੰਡੀਅਨ ਓਸ਼ਨ ਰਿਮ ਐਸੋਸੀਏਸ਼ਨ (IORA) ਮੰਤਰੀ ਪ੍ਰੀਸ਼ਦ (COM) ਦੀ 24ਵੀਂ ਬੈਠਕ ਦਾ ਆਯੋਜਨ IORA ਦੇ ਪ੍ਰਧਾਨ ਸ਼੍ਰੀਲੰਕਾ ਦੁਆਰਾ, ਵਰਚੁਅਲੀ 21 ਮਈ, 2025 ਨੂੰ ਕੀਤਾ ਗਿਆ, ਇਸਦਾ ਥੀਮ ਸੀ; "ਭਵਿੱਖ ਦੀ ਪੀੜ੍ਹੀ ਲਈ ਟਿਕਾਊ ਹਿੰਦ ਮਹਾਸਾਗਰ"। IORA COM ਦੀ 24ਵੀਂ ਬੈਠਕ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੂਰਬ), ਸ਼੍ਰੀ. ਪੀ. ਕੁਮਾਰਨ ਨੇ ਕੀਤੀ।

2. ਭਾਰਤ ਇਸ ਵੇਲੇ IORA ਦਾ ਉਪ-ਪ੍ਰਧਾਨ ਹੈ ਅਤੇ ਟ੍ਰੋਇਕਾ ਦਾ ਹਿੱਸਾ ਹੈ। ਭਾਰਤ ਸਾਲ 2025-2027 ਲਈ IORA ਦੀ ਪ੍ਰਧਾਨਗੀ ਸੰਭਾਲੇਗਾ। 24ਵੀਂ COM ਦੀ ਬੈਠਕ ਵਿੱਚ IORA ਦੇ ਸਾਰੇ 22 ਸਦੱਸ ਦੇਸ਼ਾਂ ਅਤੇ IORA ਦੇ 12 ਵਾਰਤਾ ਭਾਗੀਦਾਰਾਂ ਦੇ ਮੰਤਰੀਆਂ ਅਤੇ ਉੱਚ ਪੱਧਰੀ ਵਫ਼ਦ ਨੇ ਹਿੱਸਾ ਲਿਆ। ਬੈਠਕ ਦੇ ਦੌਰਾਨ, ਸਦੱਸ ਦੇਸ਼ਾਂ ਨੇ IORA ਨੂੰ ਮਜ਼ਬੂਤ ਕਰਨ, ਖੇਤਰੀ ਹਿੱਤ ਦੇ ਮਾਮਲਿਆਂ ਉੱਤੇ ਵਿਚਾਰ-ਵਟਾਂਦਰੇ ਕੀਤੇ ਅਤੇ 'ਕੋਲੰਬੋ ਕਮਿਊਨੀਕ' ਨੂੰ ਅਪਣਾਇਆ।

3. ਸਕੱਤਰ (ਪੂਰਬ) ਨੇ ਆਪਣੇ ਬਿਆਨ ਵਿੱਚ, ਹਿੰਦ ਮਹਾਂਸਾਗਰ ਦੇ ਦੇਸ਼ਾਂ ਦੀ ਭਲਾਈ ਅਤੇ ਤਰੱਕੀ ਲਈ ਭਾਰਤ ਦੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਕਿਹਾ ਕਿ ਹਿੰਦ ਮਹਾਸਾਗਰ ਖੇਤਰ ਵਿੱਚ ਸਾਂਝੇ ਹਿੱਤਾਂ ਦੇ ਮੁੱਦਿਆਂ 'ਤੇ ਇਕਸੁਰਤਾ ਪ੍ਰਾਪਤ ਕਰਨ ਲਈ ਸਦੱਸ ਦੇਸ਼ਾਂ ਵਿੱਚ ਸਹਿਯੋਗ, ਸਹਿਕਾਰ ਅਤੇ ਠੋਸ ਯਤਨ ਕਰਨੇ ਜ਼ਰੂਰੀ ਹਨ। ਸਕੱਤਰ (ਪੂਰਬ) ਨੇ ਪੁਸ਼ਟੀ ਕੀਤੀ ਕਿ ਅੱਤਵਾਦ, ਆਪਣੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿੱਚ, ਭਾਵੇਂ ਦੇਸ਼ ਦੁਆਰਾ ਪ੍ਰਾਯੋਜਿਤ ਹੋਵੇ ਜਾਂ ਵਿਅਕਤੀਆਂ ਦੁਆਰਾ ਕੀਤਾ ਗਿਆ ਹੋਵੇ, ਉਹ ਖੇਤਰ ਦੀ ਸ਼ਾਂਤੀ, ਸੁਰੱਖਿਆ ਅਤੇ ਵਿਕਾਸ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰਦਾ ਹੈ, ਅਤੇ ਇਸਦੀ ਸਪੱਸ਼ਟ ਤੌਰ 'ਤੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

ਨਵੀਂ ਦਿੱਲੀ

21 ਮਈ, 2025